ਲੋਕਤੰਤਰ ਦੀ ਰਾਖੀ

# **ਗਲਤ ਜਾਣਕਾਰੀ** ਅਤੇ **ਵਿਦੇਸ਼ੀ ਦਖ-ਲਅੰਦਾਜ਼ੀ** ਦਾ ਟਾਕਰਾ ਕਰਨ ਲਈ **ਭਾਈਚਾਰੇ ਦੇ ਨੇਤਾਵਾਂ** ਵਾਸਤੇ ਟੂਲਕਿੱਟ

## ਗਲਤ ਜਾਣਕਾਰੀ

*ਗਲਤ ਜਾਣਕਾਰੀ ਜਿਸਦਾ ਮਕਸਦ ਜਾਣਬੁੱਝ ਕੇ ਗੁੰਮਰਾਹ ਕਰਨਾ ਹੁੰਦਾ ਹੈ।*

## ਵਿਦੇਸ਼ੀ ਦਖਲਅੰਦਾਜ਼ੀ

*ਵਿਦੇਸ਼ੀ ਸਮੂਹਾਂ, ਸਟੇਟ ਕਾਰਕੁੰਨਾਂ, ਜਾਂ ਵਿਅਕਤੀਆਂ ਦੁਆਰਾ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਜਾਣਬੁੱਝ ਕੇ ਕੀਤੀਆਂ ਜਾਂਦੀਆਂ ਗੁਪਤ ਗਤੀਵਿਧੀਆਂ, ਜੋ ਅਕਸਰ ਕੈਨੇਡਾ ਦੇ ਰਾਸ਼ਟਰੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।*

**ਗਲਤ ਜਾਣਕਾਰੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਵਿਰੁੱਧ ਸਾਡਾ ਸਭ ਤੋਂ ਵਧੀਆ ਬਚਾਅ ਜਾਗਰੂਕਤਾ ਅਤੇ ਸਮਝਦਾਰੀ ਦੁਆਰਾ ਮਜ਼ਬੂਤੀ ਪੈਦਾ ਕਰਨਾ ਹੈ।**

ਕੈਨੇਡਾ ਅਤੇ ਦੁਨੀਆ ਭਰ ਵਿੱਚ, ਲੋਕਤੰਤਰ ਅਤੇ ਜਮਹੂਰੀ ਸੰਸਥਾਵਾਂ (ਜਿਵੇਂ ਕਿ ਸੰਸਦ, ਸੂਬਾਈ ਵਿਧਾਨ ਸਭਾਵਾਂ, ਚੋਣ ਪ੍ਰਕਿਰਿਆ) ਲੰਬੇ ਸਮੇਂ ਤੋਂ ਅਜਿਹੇ ਲੋਕਾਂ ਜਾਂ ਸਮੂਹਾਂ ਤੋਂ ਖਤਰਿਆਂ ਦਾ ਸਾਹਮਣਾ ਕਰ ਰਹੀਆਂ ਹਨ ਜਿਨ੍ਹਾਂ ਦਾ ਟੀਚਾ ਉਨ੍ਹਾਂ ਨੂੰ ਕਮਜ਼ੋਰ ਕਰਨਾ ਅਤੇ ਸਰਕਾਰ ਵਿੱਚ ਨਾਗਰਿਕਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਹੈ।

ਇਸ ਵਿੱਚ ਗਲਤ ਜਾਣਕਾਰੀ - ਗਲਤ ਜਾਣਕਾਰੀ ਨੂੰ  ਜਾਣਬੁੱਝ ਕੇ ਫੈਲਾਉਣਾ - ਅਤੇ ਵਿਦੇਸ਼ੀ ਦਖਲਅੰਦਾਜ਼ੀ ਸ਼ਾਮਲ ਹੈ ਜਿਸਦਾ ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਦੀ ਭਲਾਈ ਅਤੇ ਕੈਨੇਡਾ ਦੀ ਏਕਤਾ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ।

**ਤੁਸੀਂ ਗਲਤ ਜਾਣਕਾਰੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਖਤਰਿਆਂ ਤੋਂ ਸੁਚੇਤ ਹੋ ਕੇ, ਗਲਤ ਜਾਣਕਾਰੀ ਦੀ ਪਛਾਣ ਕਰਨ ਦੇ ਤਰੀਕੇ ਸਿੱਖ ਕੇ, ਅਤੇ ਜਾਣਕਾਰੀ ਔਨਲਾਈਨ ਕਿਵੇਂ ਸਾਂਝੀ ਕੀਤੀ ਅਤੇ ਵਰਤੀ ਜਾਂਦੀ ਹੈ, ਬਾਰੇ ਸਮਝ ਕੇ ਆਪਣੀ ਅਤੇ ਦੂਜਿਆਂ ਦੀ ਰੱਖਿਆ ਕਰ ਸਕਦੇ ਹੋ।**

**ਹੋਰ ਜਾਣਕਾਰੀ ਅਤੇ ਸਰੋਤਾਂ ਲਈ,**
**ਕੈਨੇਡਾ ਦੇ ਜਮਹੂਰੀ ਅਦਾਰਿਆਂ ਦੀ ਰੱਖਿਆ ਕਰਨਾ** ਅਤੇ **ਵਿਦੇਸ਼ੀ ਦਖਲਅੰਦਾਜ਼ੀ ਵੇਖੋ**।

# ਗਲਤ ਜਾਣਕਾਰੀ

## ਗਲਤ ਜਾਣਕਾਰੀ ਦੀ ਪਛਾਣ ਕਰਨ ਲਈ ਸੁਝਾਅ

### ਮੂਲ ਕਹਾਣੀ ਬਾਰ ਪੁਸ਼ਟੀ ਕਰੋ।

ਸਿੱਟੇ ਕੱਢਣ ਜਾਂ ਇਸ ਨੂੰ ਸਾਂਝਾ ਕਰਨ ਤੋਂ ਪਹਿਲਾਂ ਸਮੱਗਰੀ ਦੀ ਸਚਾਈ ਬਾਰੇ ਵਿਚਾਰ ਕਰਨ ਲਈ ਰੁਕੋ।

ਇਹ ਯਕੀਨੀ ਬਣਾਉਣ ਲਈ ਵੀ ਜਾਂਚ ਕਰੋ ਕਿ ਲੇਖਕ ਅਤੇ ਸਰੋਤ ਭਰੋਸੇਯੋਗ ਹਨ।

### ਜਾਣਕਾਰੀ ਦੀ ਪੁਸ਼ਟੀ ਕਰਨ ਲਈ ਔਨਲਾਈਨ ਖੋਜ ਇੰਜਣਾਂ ਦੀ ਵਰਤੋਂ ਕਰੋ।

ਆਪਣੀ ਖੋਜ ਵਿੱਚ ਮੁੱਖ ਸ਼ਬਦ ਸ਼ਾਮਲ ਕਰੋ ਜਿਵੇਂ ਕਿ "hoax," "scam," ਜਾਂ fake"।

### ਕਈ ਸਰੋਤਾਂ ਤੋਂ ਜਾਣਕਾਰੀ ਦੀ ਤੁਲਨਾ ਕਰੋ।

- ☐ ਕੀ ਇਹ ਜਾਣਕਾਰੀ ਵਰਤਮਾਨ ਹੈ?
- ☐ ਕੀ ਜਾਣਕਾਰੀ ਵਰਤਮਾਨ ਘਟਨਾਵਾਂ ਲਈ ਪ੍ਰਸੰਗਿਕ ਹੈ?

### ਸਾਈਬਰ ਖਤਰਿਆਂ ਤੋਂ ਆਪਣੇ ਆਪ ਨੂੰ ਬਚਾਓ।

- ☐ ਭਰੋਸੇਯੋਗ ਐਂਟੀਵਾਇਰਸ ਅਤੇ ਮਾਲਵੇਅਰ ਸੌਫਟਵੇਅਰ ਇੰਸਟਾਲ ਕਰੋ।
- ☐ ਮਜ਼ਬੂਤ ਪਾਸਵਰਡ ਸੈਟ ਕਰੋ ਅਤੇ ਮਲਟੀ-ਫੈਕਟਰ ਪ੍ਰਮਾਣਿਕਤਾ ਦੀ ਵਰਤੋਂ ਕਰੋ।

### ਡਿਜ਼ਾਈਨ ਦੇ ਪੱਖਾਂ 'ਤੇ ਨਜ਼ਰ ਮਾਰੋ।

- ☐ ਕੀ ਡਿਜ਼ਾਈਨ ਅਜੀਬ ਦਿਖਾਈ ਦਿੰਦਾ ਹੈ?
- ☐ ਗੈਰ-ਪੇਸ਼ੇਵਰ ਲੋਗੋ, ਅਸਧਾਰਨ ਰੰਗਾਂ, ਜਾਂ ਅਟਪਟੀ ਸਪੇਸਿੰਗ ਵਲ ਧਿਆਨ ਦਿਓ।

✓ Canada
⊘ Canada

### ਡੋਮੇਨ ਨਾਮ ਪ੍ਰਮਾਣਿਤ ਕਰੋ।

- ☐ ਕੀ ਲਿੰਕ ਦਾ ਪਤਾ ਸੰਸਥਾ ਦੇ ਅਧਿਕਾਰਤ ਨਾਮ ਨਾਲ ਮੇਲ ਖਾਂਦਾ ਹੈ?
- ☐ ਕੀ ਲਿੰਕ ਦੇ ਪਤੇ ਵਿੱਚ ਕੋਈ ਗਲਤੀ ਹੈ?

✓ www.canada.ca
⊘ www.canada.net
⊘ www.canadaa.ca

**ਹਰ ਕੋਈ ਗਲਤ ਜਾਣਕਾਰੀ ਦੇ ਅਸਰ ਹੇਠ ਆ ਸਕਦਾ ਹੈ। ਤੁਹਾਡੇ ਦੁਆਰਾ ਵਰਤੀ ਜਾਣ ਵਾਲੀ ਜਾਣਕਾਰੀ ਬਾਰੇ ਗੰਭੀਰਤਾ ਨਾਲ ਸੋਚੋ ਅਤੇ ਇਹ ਯਕੀਨੀ ਬਣਾਉਣ ਲਈ ਕਦਮ ਚੁੱਕੋ ਕਿ ਜੋ ਜਾਣਕਾਰੀ ਤੁਸੀਂ ਸਾਂਝੀ ਕਰਦੇ ਹੋ, ਉਹ ਸਹੀ ਅਤੇ ਭਰੋਸੇਯੋਗ ਹੈ।**

# ਗਲਤ ਜਾਣਕਾਰੀ ਨੂੰ ਲੱਭਣਾ ਔਖਾ ਹੋ ਸਕਦਾ ਹੈ, ਪਰ ਧਿਆਨ ਦੇਣ ਵਾਲੇ ਕੁੱਝ ਆਮ ਸੰਕੇਤ ਹੁੰਦੇ ਹਨ।

ਉਹ ਸਮੱਗਰੀ ਲੱਭੋ :

- **ਜੋ ਇੱਕ ਭਾਵਨਾਤਮਕ ਪ੍ਰਤੀਕਿਰਿਆ ਨੂੰ ਭੜਕਾਉਂਦੀ ਹੈ, ਖਾਸ ਤੌਰ 'ਤੇ ਨਕਾਰਾਤਮਕ ਜਾਂ ਡਰਾਉਣੇ ਦਾਅਵਿਆਂ ਨਾਲ**
- **ਜੋ ਵੈਧ ਜਾਣਕਾਰੀ ਦੇ ਛੋਟੇ ਟੁਕੜਿਆਂ ਦੀ ਵਰਤੋਂ ਕਰਦੀ ਹੈ, ਜਿਨ੍ਹਾਂ ਨੂੰ ਵਧਾ-ਚੜ੍ਹਾਕੇ ਅਤੇ ਵਿਗਾੜਕੇ ਪੇਸ਼ ਕੀਤਾ ਜਾਂਦਾ ਹੈ**
- **ਜੋ ਫੋਟੋਆਂ ਜਾਂ ਚਿੱਤਰਾਂ ਨੂੰ ਬਦਲ ਕੇ ਜਾਂ ਉਹਨਾਂ ਨੂੰ ਸੰਦਰਭ ਤੋਂ ਬਾਹਰ ਰੱਖ ਕੇ ਹੇਰਾਫੇਰੀ ਕਰਦੀ ਹੈ**
- **ਜੋ ਕਿਸੇ ਵਿਵਾਦਪੂਰਨ ਮੁੱਦੇ 'ਤੇ ਬੋਲਡ ਜਾਂ ਬਹੁਤ ਤਿੱਖਾ ਬਿਆਨ ਦਿੰਦੀ ਹੈ**
- **ਜੋ "ਕਲਿੱਕਬਾਏਟ" ਸ਼ਾਮਲ ਕਰਦੀ ਹੈ :** ਜਿਨ੍ਹਾਂ ਵਿੱਚ ਸਨਸਨੀਖੇਜ਼ ਅਤੇ ਜਾਣਬੁੱਝ ਕੇ ਗੁੰਮਰਾਹ ਕਰਨ ਵਾਲੀਆਂ ਸੁਰਖੀਆਂ, ਚਿੱਤਰ ਅਤੇ ਵਿਡੀਓਜ਼ ਹੁੰਦੇ ਹਨ, ਜਿਨ੍ਹਾਂ ਦਾ ਮਕਸਦ ਦਰਸ਼ਕਾਂ ਨੂੰ ਖਾਸ ਲਿੰਕਾਂ 'ਤੇ ਕਲਿੱਕ ਕਰਨ ਲਈ ਭਰਮਾਉਣਾ ਹੈ
- **ਜਿਹੜੀ ਅਜਿਹੇ ਪਲੇਟਫਾਰਮਾਂ 'ਤੇ ਵਿਆਪਕ ਤੌਰ 'ਤੇ ਫੈਲਾਈ ਜਾਂਦੀ ਹੈ, ਜਹੜੇ ਗਲਤ ਜਾਣਕਾਰੀ ਫੈਲਾਉਣ ਲਈ ਜਾਣੇ ਜਾਂਦੇ ਹਨ**
- **ਜੋ ਅਜਿਹੇ ਦਾਅਵੇ ਕਰਦੀ ਹੈ ਜੋ ਲੋੜੋਂ ਵੱਧ ਸੱਚ ਲੱਗਦੇ ਹਨ**

# ਗਲਤ ਜਾਣਕਾਰੀ ਦੇ ਫੈਲਾਅ ਨੂੰ ਰੋਕੋ

## ਸੁਚੇਤ ਰਹੋ।

ਗਲਤ ਜਾਣਕਾਰੀ ਦੀ ਪਛਾਣ ਕਰਨ ਲਈ ਆਪਣੇ ਆਪ ਨੂੰ ਲੋੜੀਂਦੇ ਸਾਧਨਾਂ ਨਾਲ ਲੈਸ ਕਰੋ।

## ਇਸ ਨੂੰ ਸਮਝੋ।

ਇਸ ਗੱਲ ਨੂੰ ਸਮਝੋ ਕਿ ਇੰਟਰਨੈਟ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਕਿਵੇਂ ਕੰਮ ਕਰਦੇ ਹਨ ਅਤੇ ਤੁਹਾਡੇ ਦੁਆਰਾ ਖਪਤ ਕੀਤੀ ਜਾਣਕਾਰੀ ਵਿੱਚ ਕਿਸ ਤਰਾਂ ਦੀ ਸੰਭਾਵੀ ਹੇਰਾਫੇਰੀ ਹੋ ਸਕਦੀ ਹੈ। ਸੂਚਨਾ ਪ੍ਰਾਪਤ ਕਰਨ ਵੇਲੇ ਸੁਚੇਤ ਰਹੋ। ਸਮੱਗਰੀ ਸਮੇਤ ਆਮ ਸੰਕੇਤਾਂ ਵੱਲ ਧਿਆਨ ਦੇਵੋ ਜੋ: ਇੱਕ ਅਸਾਧਾਰਨ ਦਾਅਵਾ ਕਰਦੀ ਹੈ; ਲੋੜੋਂ ਵੱਧ ਸੱਚ ਲੱਗਦੀ ਹੈ; ਅਤੇ ਅਜਿਹੇ ਪਲੇਟਫਾਰਮਾਂ 'ਤੇ ਵਿਆਪਕ ਤੌਰ ਸਾਂਝਾ ਕੀਤੀ ਗਈ ਹੈ, ਜੋ ਗਲਤ ਜਾਣਕਾਰੀ ਫੈਲਾਉਣ ਲਈ ਜਾਣੇ ਜਾਂਦੇ ਹਨ।

## ਸ਼ੁੱਧਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰੋ।

ਦਰਸਾਓ ਕਿ ਤੁਸੀਂ ਜਾਣਕਾਰੀ ਦੀ ਸ਼ੁੱਧਤਾ ਦੀ ਕਦਰ ਕਰਦੇ ਹੋ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰਦੇ ਹੋ।

## ਆਪਣੇ ਸਰੋਤਾਂ ਦੀ ਪੁਸ਼ਟੀ ਕਰੋ।

ਆਪਣੇ ਸਰੋਤਾਂ ਦੀ ਜਾਂਚ ਕਰਕੇ ਸ਼ੁਰੂ ਕਰੋ ਅਤੇ ਦੇਖੋ ਕਿ ਕੀ ਭਰੋਸੇਯੋਗ ਸਰੋਤ ਉਸੇ ਜਾਣਕਾਰੀ ਦੀ ਰਿਪੋਰਟ ਕਰ ਰਹੇ ਹਨ। ਤੁਸੀਂ ਤੁਹਾਡੀ ਜਾਣਕਾਰੀ ਦੀ ਤੱਥ-ਜਾਂਚ ਵਿੱਚ ਤੁਹਾਡੀ ਮਦਦ ਕਰਨ ਲਈ ਸੁਝਾਅ ਅਤੇ ਸਰੋਤ Canada.ca 'ਤੇ ਦੇਖ ਸਕਦੇ ਹੋ।

## ਇਸਦੀ ਰਿਪੋਰਟ ਕਰੋ।

ਸਾਰੇ ਸੋਸ਼ਲ ਮੀਡੀਆ ਪਲੇਟਫਾਰਮ ਉਪਭੋਗਤਾਵਾਂ ਨੂੰ ਗਲਤ ਜਾਣਕਾਰੀ ਦੀ ਰਿਪੋਰਟ ਕਰਨ ਦਾ ਤਰੀਕਾ ਦਿੰਦੇ ਹਨ।

**ਗਲਤ ਜਾਣਕਾਰੀ ਦੀ ਪਛਾਣ, ਤੱਥ-ਜਾਂਚ ਅਤੇ ਇਸ ਦਾ ਟਾਕਰਾ ਕਰਨ ਲਈ ਹੋਰ ਜਾਣਕਾਰੀ ਵਾਸਤੇ ਔਨਲਾਈਨ ਕੂੜ-ਪ੍ਰਚਾਰ ਦੇਖੋ ।**

# ਵਿਦੇਸ਼ੀ ਦਖਲਅੰਦਾਜ਼ੀ

ਵਿਦੇਸ਼ੀ ਦਖਲਅੰਦਾਜ਼ੀ ਭਰੋਸੇ ਨੂੰ ਖਤਮ ਕਰ ਸਕਦੀ ਹੈ ਅਤੇ ਸਾਡੀਆਂ ਲੋਕਤੰਤਰੀ ਸੰਸਥਾਵਾਂ, ਰਾਜਨੀਤਿਕ ਪ੍ਰਣਾਲੀ, ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀਆਂ, ਅਤੇ ਅੰਤ ਵਿੱਚ, ਸਾਡੀ ਪ੍ਰਭੂਸੱਤਾ ਦੀ ਅਖੰਡਤਾ ਨੂੰ ਖਤਰਾ ਪੈਦਾ ਕਰ ਸਕਦੀ ਹੈ।

ਵਿਦੇਸ਼ੀ ਸਟੇਟ ਜਾਂ ਗੈਰ-ਸਟੇਟ ਅਨਸਰ ਸਮਾਜ ਦੇ ਸਾਰੇ ਪਹਿਲੂਆਂ ਨੂੰ ਨਿਸ਼ਾਨਾ ਬਣਾਉਣ ਲਈ ਕਈ ਤਰ੍ਹਾਂ ਦੀਆਂ ਤਕਨੀਕਾਂ ਦੀ ਵਰਤੋਂ ਕਰਦੇ ਹਨ, ਜਿਵੇਂ ਕਿ ਵਿਵਿਧ ਭਾਈਚਾਰਿਆਂ, ਚੋਣ ਪ੍ਰਕਿਰਿਆਵਾਂ, ਪੋਸਟ-ਸੈਕੰਡਰੀ ਕੈਂਪਸਾਂ, ਅਤੇ ਰਵਾਇਤੀ ਅਤੇ ਸੋਸ਼ਲ ਮੀਡੀਆ। ਵਿਦੇਸ਼ੀ ਰਾਜ ਦੇ ਅਨਸਰਾਂ ਦੁਆਰਾ ਵਰਤੀਆਂ ਜਾਂਦੀਆਂ ਆਮ ਤਕਨੀਕਾਂ ਜਾਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ: ਪੈਦਾ ਕਰਨਾ, ਤਿਆਰ ਕਰਨਾ, ਜ਼ਬਰਦਸਤੀ, ਗੈਰ-ਕਾਨੂੰਨੀ ਵਿੱਤ, ਸਾਈਬਰ-ਘਟਨਾਵਾਂ, ਧਮਕਾਉਣਾ ਅਤੇ ਗਲਤ ਜਾਣਕਾਰੀ।

ਜਾਇਜ਼ ਅੰਤਰਰਾਸ਼ਟਰੀ ਸਹਿਯੋਗ ਅਤੇ ਕੂਟਨੀਤੀ, ਜੋ ਪਾਰਦਰਸ਼ੀ ਅਤੇ ਨੇਕ ਵਿਸ਼ਵਾਸ ਨਾਲ ਕੀਤੀ ਜਾਂਦੀ ਹੈ, ਦੇ ਉਲਟ ਵਿਦੇਸ਼ੀ ਦਖਲਅੰਦਾਜ਼ੀ ਗੁਪਤ ਅਤੇ ਗੈਰ-ਦਿਆਨਤਦਾਰੀ ਨਾਲ ਕੀਤੀ ਜਾਂਦੀ ਹੈ। ਧਿਆਨ ਦੇਣ ਲਈ ਕੁਝ ਹੋਰ ਸੰਕੇਤਾਂ ਵਿੱਚ ਸ਼ਾਮਲ ਹਨ:

- ☐ ਸੰਚਾਰ, ਸਬੰਧਾਂ, ਵਿਵਹਾਰਾਂ ਅਤੇ ਪਰਸਪਰ ਪ੍ਰਭਾਵ ਦੇ ਆਲੇ ਦੁਆਲੇ ਪਾਰਦਰਸ਼ਤਾ ਦੀ ਘਾਟ
- ☐ ਅਜਿਹੇ ਸੰਕੇਤ ਜਾਂ ਸੁਝਾਅ ਪ੍ਰਭਾਵ ਕਿ ਇਸ ਗੱਲਬਾਤ ਦੇ ਨਤੀਜੇ ਵਜੋਂ ਅਗਿਸਾਨਾਂ ਜਾਂ ਫਾਇਦਿਆਂ ਦਾ ਅਦਾਨ-ਪ੍ਰਦਾਨ ਹੋਵੇਗਾ (quid pro quo)
- ☐ ਅਸਧਾਰਨ ਤੌਰ 'ਤੇ ਉਦਾਰ ਤੋਹਫ਼ਿਆਂ, ਯਾਤਰਾ ਜਾਂ ਹੋਰ ਲਾਭਾਂ ਦੀਆਂ ਪੇਸ਼ਕਸ਼ਾਂ
- ☐ ਖਾਸ ਵਿਚਾਰਾਂ, ਰਾਇ, ਜਾਂ ਸਥਿਤੀਆਂ ਦਾ ਸਮਰਥਨ ਕਰਨ ਲਈ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ ਦਬਾਅ

## ਆਪਣੇ ਆਪ ਨੂੰ ਵਿਦੇਸ਼ੀ ਦਖਲਅੰਦਾਜ਼ੀ ਤੋਂ ਬਚਾਓ

**ਸੁਚੇਤ ਰਹੋ।** ਵਿਦੇਸ਼ੀ ਦਖਲਅੰਦਾਜ਼ੀ ਵਿਰੁੱਧ ਲੜਾਈ ਵਿਚ ਸਾਰਿਆਂ ਦੀ ਭੂਮਿਕਾ ਹੈ।

**ਸਾਈਬਰ ਸੁਰੱਖਿਅਤ ਰਹੋ।** ਸਾਈਬਰ ਸੁਰੱਖਿਆ ਬਾਰੇ ਆਪਣੇ ਆਪ ਨੂੰ ਸਿੱਖਿਅਤ ਕਰੋ। ਆਪਣੇ ਆਪ ਨੂੰ ਔਨਲਾਈਨ ਸੁਰੱਖਿਅਤ ਕਰਨ ਲਈ ਕਦਮ ਚੁੱਕਣ ਵਾਸਤੇ ਸਾਈਬਰ ਸੁਰੱਖਿਅਤ ਪ੍ਰਾਪਤ ਕਰੋ ਦੇਖੋ।

**ਆਪਣੇ ਸਰੋਤਾਂ ਦੀ ਪੁਸ਼ਟੀ ਕਰੋ।** ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਹੀ ਜਾਣਕਾਰੀ ਪ੍ਰਾਪਤ ਕਰ ਰਹੇ ਹੋ, ਆਪਣੇ ਜਾਣਕਾਰੀ ਸਰੋਤਾਂ ਦੀ ਭਰੋਸੇਯੋਗਤਾ ਦੀ ਜਾਂਚ ਕਰੋ।

**ਇਸਦੀ ਰਿਪੋਰਟ ਕਰੋ।** ਸ਼ੱਕੀ ਗਤੀਵਿਧੀਆਂ ਅਤੇ ਧਮਕਾਉਣ, ਪਰੇਸ਼ਾਨੀ, ਜ਼ਬਰਦਸਤੀ, ਜਾਂ ਧਮਕੀਆਂ ਦੀਆਂ ਘਟਨਾਵਾਂ ਦੀ ਰਿਪੋਰਟ ਤੁਹਾਡੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਜਾਂ ਕਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਇੰਟੈਲੀਜੈਂਸ ਸਰਵਿਸ (CSIS) ਨੂੰ ਦਿੱਤੀ ਜਾਣੀ ਚਾਹੀਦੀ ਹੈ।

**ਆਪਣੇ ਆਪ ਨੂੰ ਵਿਦੇਸ਼ੀ ਦਖਲਅੰਦਾਜ਼ੀ ਤੋਂ ਬਚਾਉਣ ਦੇ ਤਰੀਕਿਆਂ ਬਾਰੇ ਹੋਰ ਜਾਣਕਾਰੀ ਲਈ, ਵਿਦੇਸ਼ੀ ਦਖਲਅੰਦਾਜ਼ੀ ਅਤੇ ਤੁਸੀਂ ਅਤੇ ਆਪਣੇ ਆਪ ਨੂੰ ਵਿਦੇਸ਼ੀ ਦਖਲਅੰਦਾਜ਼ੀ ਤੋਂ ਬਚਾਓ ਦੇਖੋ।**

## ਕੈਨੇਡਾ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੀ ਰਿਪੋਰਟ ਕਿਵੇਂ ਕਰੀਏ

ਕਨੇਡਾ ਵਿੱਚ ਕੋਈ ਵੀ ਵਿਅਕਤੀ ਜਿਸਨੂੰ ਚਿੰਤਾ ਹੈ ਕਿ ਉਸਨੂੰ ਵਿਦੇਸ਼ੀ ਦਖਲਅੰਦਾਜ਼ੀ ਦੇ ਉਦੇਸ਼ਾਂ ਲਈ ਸਟੇਟ ਜਾਂ ਗੈਰ-ਸਟੇਟ ਤੱਤਾਂ ਦੁਆਰਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸਨੂੰ ਸਥਾਨਕ ਪੁਲਿਸ ਜਾਂ **ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP)** ਦੇ **ਨੈਸ਼ਨਲ ਸਿਕਿਓਰਿਟੀ ਇਨਫਰਮੇਸ਼ਨ ਨੈੱਟਵਰਕ** ਨਾਲ 1-800-420-5805 'ਤੇ, ਜਾਂ https://rcmp.ca/report-it 'ਤੇ ਈਮੇਲ ਕਰਕੇ ਸੰਪਰਕ ਕਰੋ।

**ਕਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ (CSIS)** ਨੂੰ 613-993-9620 ਜਾਂ 1-800-267-7685 'ਤੇ ਜਾਂ ਔਨਲਾਈਨ ਜਾਸੂਸੀ ਜਾਂ ਵਿਦੇਸ਼ੀ ਦਖਲਅੰਦਾਜ਼ੀ ਦੀ ਰਿਪੋਰਟ ਕਰੋ।

© ਕੈਨੇਡਾ ਲਈ ਹਿਜ਼ ਮਜੈਸਿਟੀ ਦ ਕਿੰਗ, ਜਿਨ੍ਹਾਂ ਦੀ ਮਨਿਸਟਰੀ ਔਫ਼ ਡੈਮੋਕਰੈਟਿਕ ਸੰਸਥਾਵਾਂ, 2023 ਦੁਆਰਾ ਨੁਮਾਇੰਦਗੀ ਕੀਤੀ ਗਈ।

ISBN: 978-0-660-72459-1
CP22-207/1-2023Pan-PDF

Also available in English, French and other languages.

Aussi disponible en anglais, français et autres langues.